BC CANCER COLON SCREENING

Provincial Health Services Authority

# ਕੋਲਨ ਕੈਂਸਰ ਦੀ ਜਾਂਚ ਦੁਬਾਰਾ ਸ਼ੁਰੂ (ਕੋਵਿਡ–19) ਸਵਾਲ ਅਤੇ ਜਵਾਬ

ਅਡੀਸ਼ਨ: 4 ਜੂਨ, 2020

---

1. **ਕੀ ਫੀਕਲ ਇਮਿਊਨੋਕੈਮੀਕਲ ਟੈੱਸਟ (ਐੱਫ ਆਈ ਟੀ) ਇਸ ਵੇਲੇ ਬੀ ਸੀ ਵਿਚ ਕੀਤੇ ਜਾ ਰਹੇ ਹਨ?**
   - ਐੱਫ ਆਈ ਟੀ ਕਿੱਟਾਂ ਬੀ ਸੀ ਦੀਆਂ ਲੈਬਾਂ ਵਿਚ ਉਪਲਬਧ ਹਨ। ਜੇ ਤੁਹਾਡੇ ਕੋਲ ਐੱਫ ਆਈ ਟੀ ਲਈ ਪਰਚੀ ਹੈ ਤਾਂ ਤੁਸੀਂ ਇਹ ਚੁੱਕਣ ਲਈ ਲੈਬ ਨੂੰ ਜਾ ਸਕਦੇ ਹੋ।
   - ਜੇ ਤੁਹਾਡੇ ਕੋਲ ਹੁਣ ਐੱਫ ਆਈ ਟੀ ਲਈ ਪਰਚੀ ਨਹੀਂ ਹੈ ਤਾਂ ਕਿਰਪਾ ਕਰਕੇ ਕੋਲਨ ਸਕਰੀਨਿੰਗ ਪ੍ਰੋਗਰਾਮ ਨਾਲ ਸੰਪਰਕ ਕਰੋ: 1-877-702-6566.
   - ਜੇ ਤੁਹਾਡਾ ਕੋਲਨ ਕੈਂਸਰ ਲਈ ਕਦੇ ਵੀ ਟੈੱਸਟ ਨਹੀਂ ਹੋਇਆ ਅਤੇ ਤੁਸੀਂ ਇਸ ਲਈ **ਯੋਗ** ਹੋ ਤਾਂ ਕਿਰਪਾ ਕਰਕੇ ਇਹ ਗੱਲ ਕਰਨ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ ਕਿ ਕੀ ਐੱਫ ਆਈ ਟੀ ਤੁਹਾਡੇ ਲਈ ਠੀਕ ਹੈ ਜਾਂ ਨਹੀਂ। ਲੈਬ ਤੋਂ ਮੁਫਤ ਐੱਫ ਆਈ ਟੀ ਕਿੱਟ ਚੁੱਕਣ ਲਈ ਉਹ ਤੁਹਾਨੂੰ ਪਰਚੀ ਦੇ ਸਕਦੇ ਹਨ।
   - ਲੈਬਾਂ ਨੇ ਮਾਰਚ 2020 ਵਿਚ ਇਨ੍ਹਾਂ ਕਾਰਨਾਂ ਕਰਕੇ ਐੱਫ ਆਈ ਟੀ ਕਿੱਟਾਂ ਦੇਣੀਆਂ ਆਰਜ਼ੀ ਤੌਰ ’ਤੇ ਬੰਦ ਕਰ ਦਿੱਤੀਆਂ ਸਨ:
     - ਕੋਲਨੋਸਕਾਪੀਜ਼ ਕੈਂਸਲ ਕੀਤੀਆਂ ਜਾ ਰਹੀਆਂ ਸਨ ਜਾਂ ਦੁਬਾਰਾ ਬੁੱਕ ਕੀਤੀਆਂ ਜਾ ਰਹੀਆਂ ਸਨ ਤਾਂ ਜੋ ਟੈੱਸਟ ਦੌਰਾਨ ਕੋਵਿਡ–19 ਦੇ ਲੱਗਣ ਦੇ ਖਤਰੇ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ ਅਤੇ ਕੋਵਿਡ–19 ਲਈ ਅਕਿਊਟ ਕੇਅਰ ਦੀ ਲੋੜ ਵਾਲੇ ਮਰੀਜ਼ਾਂ ਦੇ ਸੰਭਵ ਰੱਸ਼ ਲਈ ਹਸਪਤਾਲਾਂ ਨੂੰ ਬਿਹਤਰ ਤਿਆਰ ਕੀਤਾ ਜਾ ਸਕੇ।
     - ਐੱਫ ਆਈ ਟੀ ਕਿੱਟ ਲੈਣ ਜਾਂ ਛੱਡਣ ਲਈ ਲੈਬ ਨੂੰ ਨਾ ਜਾਣ ਨੇ ਇਕ ਦੂਜੇ ਤੋਂ ਫਾਸਲਾ ਰੱਖਣ ਵਿਚ ਮਦਦ ਕੀਤੀ, ਜਿਸ ਨਾਲ ਸਿਹਤਮੰਦ ਲੋਕਾਂ ਵਿਚ ਕੋਵਿਡ–19 ਜਾਣ ਨੂੰ ਘੱਟ ਤੋਂ ਘੱਟ ਕਰਨ ਦੇ ਯਤਨਾਂ ਵਿਚ ਸਹਾਇਤਾ ਹੋਈ।

2. **ਮੈਂ ਬੰਦ ਹੋਣ ਤੋਂ ਪਹਿਲਾਂ ਹੀ ਐੱਫ ਆਈ ਟੀ ਚੁੱਕੀ ਸੀ ਪਰ ਅਜੇ ਵਰਤੀ ਨਹੀਂ ਸੀ। ਮੈਨੂੰ ਕੀ ਕਰਨਾ ਚਾਹੀਦਾ ਹੈ?**
   - ਜੇ ਤੁਸੀਂ ਐੱਫ ਆਈ ਟੀ ਕਿੱਟ ਚੁੱਕੀ ਹੋਈ ਹੈ ਅਤੇ ਇਹ ਪੂਰੀ ਨਹੀਂ ਕੀਤੀ ਤਾਂ ਤੁਸੀਂ ਹੁਣ ਟੈੱਸਟ ਪੂਰਾ ਕਰ ਸਕਦੇ ਹੋ ਅਤੇ ਲੈਬ ਨੂੰ ਵਾਪਸ ਕਰ ਸਕਦੇ ਹੋ। ਆਪਣਾ ਨਮੂਨਾ (ਸੈਂਪਲ) ਲੈਣ ਤੋਂ ਪਹਿਲਾਂ, ਕਿਰਪਾ ਕਰਕੇ ਕਿੱਟ ਦੇ ਲੇਬਲ ਉੱਪਰ ਲਿਖੀ ਮਿਆਦ ਮੁੱਕਣ ਦੀ ਤਾਰੀਕ (ਐਕਸਪਾਇਰੀ ਡੇਟ) ਚੈੱਕ ਕਰੋ। ਜੇ ਕਿੱਟ ਦੀ ਮਿਆਦ ਮੁੱਕ ਚੁੱਕੀ ਹੈ ਤਾਂ ਕਿਰਪਾ ਕਰਕੇ ਇਸ ਨੂੰ ਲੈਬ ਨੂੰ ਵਾਪਸ ਕਰੋ ਅਤੇ ਨਵੀਂ ਦੀ ਮੰਗ ਕਰੋ।
   - ਆਪਣੇ ਨਾਲ ਆਪਣੀ ਪਰਚੀ ਲੈ ਕੇ ਆਉਣਾ ਯਾਦ ਰੱਖੋ।

3. **ਮੈਂ ਬੰਦ ਹੋਣ ਤੋਂ ਪਹਿਲਾਂ ਐੱਫ ਆਈ ਟੀ ਕਿੱਟ ਚੁੱਕੀ ਸੀ ਅਤੇ ਨਮੂਨਾ ਲਿਆ ਸੀ ਪਰ ਟੈੱਸਟ ਕਰਨ ਲਈ ਛੱਡੀ ਨਹੀਂ ਸੀ। ਮੈਨੂੰ ਕੀ ਕਰਨਾ ਚਾਹੀਦਾ ਹੈ?**
   - ਜੇ ਤੁਸੀਂ ਪਹਿਲਾਂ ਹੀ ਐੱਫ ਆਈ ਟੀ ਚੁੱਕੀ ਹੋਈ ਅਤੇ ਪੂਰੀ ਕੀਤੀ ਹੋਈ ਹੈ ਤਾਂ ਹੁਣ ਸਮਾਂ ਵਰਤੀ ਹੋਈ ਐੱਫ ਆਈ ਟੀ ਨੂੰ ਸੁਰੱਖਿਅਤ ਤਰੀਕੇ ਨਾਲ ਸੁੱਟੇ ਜਾਣ ਲਈ ਲੈਬ ਨੂੰ ਵਾਪਸ ਕਰਨ ਦਾ ਹੈ। ਲੈਬ ਨੂੰ ਇਹ ਦੱਸੋ ਕਿ ਤੁਹਾਡਾ ਨਮੂਨਾ ਬੰਦ ਹੋਣ ਤੋਂ ਪਹਿਲਾਂ ਲਿਆ ਗਿਆ ਸੀ ਅਤੇ ਟੈੱਸਟ ਨੂੰ ਦੁਹਰਾਉਣ ਲਈ ਤੁਹਾਨੂੰ ਨਵੀਂ ਐੱਫ ਆਈ ਟੀ ਕਿੱਟ ਦਿੱਤੀ ਜਾਵੇਗੀ।
   - ਆਪਣੀ ਨਵੀਂ ਕਿੱਟ ਲੈਣ ਲਈ ਆਪਣੇ ਨਾਲ ਪਰਚੀ ਲਿਆਉਣਾ ਯਾਦ ਰੱਖੋ।

4. **ਲੈਬ ਤੋਂ ਆਪਣੀ ਐੱਫ ਆਈ ਟੀ ਚੁੱਕਣ ਲਈ ਕੀ ਕੋਵਿਡ–19 ਨਾਲ ਸੰਬੰਧਿਤ ਕੋਈ ਤਰੀਕੇ ਜਾਂ ਹਿਦਾਇਤਾਂ ਹਨ?**
   - ਕੋਵਿਡ–19 ਨਾਲ ਸੰਬੰਧਿਤ ਕੋਈ ਤਰੀਕਿਆਂ ਜਾਂ ਹਿਦਾਇਤਾਂ ਲਈ ਕਿਰਪਾ ਕਰਕੇ ਆਪਣੀ ਪਹਿਲ ਵਾਲੀ ਲੈਬ ਦੇ ਵੈੱਬਸਾਈਟ ’ਤੇ ਜਾਉ।

**5. ਕੀ ਬੀ ਸੀ ਵਿਚ ਇਸ ਵੇਲੇ ਕੋਲਨੋਸਕਾਪੀ ਟੈੱਸਟ ਹੋ ਰਹੇ ਹਨ?**

- ਹੈਲਥ ਅਥਾਰਟੀਆਂ ਟੈੱਸਟਾਂ (ਪ੍ਰੋਸੀਜ਼ਰਜ਼) ਦੀ ਦੁਬਾਰਾ ਬੁਕਿੰਗ ਕਰ ਰਹੀਆਂ ਹਨ ਜਿਹੜੇ ਪਹਿਲਾਂ ਕੋਵਿਡ-19 ਦੀ ਹਾਲਤ ਕਰਕੇ ਕੈਂਸਲ ਕਰ ਦਿੱਤੇ ਗਏ ਸਨ।
- ਹੈਲਥ ਅਥਾਰਟੀ ਦਾ ਸਟਾਫ, ਮਰੀਜ਼ਾਂ ਦੇ ਟੈੱਸਟਾਂ ਦੀ ਦੁਬਾਰਾ ਅਪੌਇੰਟਮੈਂਟ ਬਣਾਉਣ ਲਈ ਉਨ੍ਹਾਂ ਨਾਲ ਸਿੱਧਾ ਫੋਨ ਰਾਹੀਂ ਸੰਪਰਕ ਕਰੇਗਾ।
- ਬੀ ਸੀ ਵਿਚ ਬਹੁਤ ਸਾਰੀਆਂ ਕੋਲਨੋਸਕਾਪੀਜ਼ ਮਾਰਚ 2020 ਵਿਚ ਆਰਜ਼ੀ ਤੌਰ 'ਤੇ ਬੰਦ ਕਰ ਦਿੱਤੀਆਂ ਗਈਆਂ ਸਨ ਤਾਂ ਜੋ:
  - ਟੈੱਸਟ ਦੌਰਾਨ ਕੋਵਿਡ-19 ਦੇ ਲੱਗਣ ਦੇ ਖਤਰੇ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ ਅਤੇ ਕੋਵਿਡ-19 ਲਈ ਅਕਿਊਟ ਕੇਅਰ ਦੀ ਲੋੜ ਵਾਲੇ ਮਰੀਜ਼ਾਂ ਦੇ ਸੰਭਵ ਰੱਸ਼ ਲਈ ਹਸਪਤਾਲਾਂ ਨੂੰ ਬਿਹਤਰ ਤਿਆਰ ਕੀਤਾ ਜਾ ਸਕੇ।
  - ਇਕ ਦੂਜੇ ਤੋਂ ਫਾਸਲਾ ਰੱਖਣ ਵਿਚ ਮਦਦ ਕੀਤੀ ਜਾ ਸਕੇ ਜਿਸ ਨਾਲ ਸਿਹਤਮੰਦ ਲੋਕਾਂ ਵਿਚ ਕੋਵਿਡ-19 ਜਾਣ ਨੂੰ ਘੱਟ ਤੋਂ ਘੱਟ ਕਰਨ ਦੇ ਯਤਨਾਂ ਵਿਚ ਸਹਾਇਤਾ ਹੋਈ।
  - ਇਹ ਪੱਕਾ ਹੋਵੇ ਕਿ ਕੋਵਿਡ-19 ਦੇ ਫੈਲਣ ਦੌਰਾਨ ਕੋਲਨੋਸਕਾਪੀ ਦੇ ਸੀਮਤ ਵਸੀਲੇ ਜ਼ਰੂਰੀ ਅਤੇ ਅਚਨਚੇਤੀ ਲੋੜਾਂ ਵਾਲੇ ਮਰੀਜ਼ਾਂ ਲਈ ਮੌਜੂਦ ਹਨ।

**6. ਮੇਰੀ ਕੋਲਨੋਸਕਾਪੀ ਲਈ ਕੀ ਕੋਵਿਡ-19 ਨਾਲ ਸੰਬੰਧਿਤ ਕੋਈ ਖਾਸ ਤਰੀਕੇ ਜਾਂ ਹਿਦਾਇਤਾਂ ਹਨ?**

- ਤੁਹਾਡੀ ਕੋਲਨੋਸਕਾਪੀ ਲਈ ਕੋਵਿਡ-19 ਨਾਲ ਸੰਬੰਧਿਤ ਕੋਈ ਤਰੀਕਿਆਂ ਜਾਂ ਹਿਦਾਇਤਾਂ ਦੀ ਜਾਣਕਾਰੀ ਤੁਹਾਨੂੰ ਤੁਹਾਡੀ ਹੈਲਥ ਅਥਾਰਟੀ ਦੇਵੇਗੀ।

**7. ਕੋਲਨੋਸਕਾਪੀ ਬੰਦ ਹੋਣ ਤੋਂ ਪਹਿਲਾਂ ਮੈਨੂੰ ਅਸਾਧਾਰਨ (ਅਬਨੌਰਮਲ) ਨਤੀਜਾ ਮਿਲਿਆ ਸੀ/ਮੇਰਾ ਨਤੀਜਾ ਦਿਖਾਉਂਦਾ ਸੀ ਕਿ ਮੈਨੂੰ ਅਗਾਂਹ ਹੋਰ ਪੈਰਵੀ ਦੀ ਲੋੜ ਹੈ, ਹੁਣ ਕੀ ਹੋਵੇਗਾ?**

- ਤੁਹਾਡੀ ਹੈਲਥ ਅਥਾਰਟੀ ਨੂੰ ਪ੍ਰੀ-ਕੋਲਨੋਸਕਾਪੀ ਅਸੈੱਸਮੈਂਟ ਲਈ ਰੈਫਰਲ ਭੇਜੀ ਗਈ ਹੈ। ਹੈਲਥ ਅਥਾਰਟੀ ਦਾ ਸਟਾਫ, ਪ੍ਰੀ-ਕੋਲਨੋਸਕਾਪੀ ਅਸੈੱਸਮੈਂਟ ਅਤੇ ਨਵੀਂ ਅਪੌਇੰਟਮੈਂਟ ਦੇ ਸਮੇਂ ਦੇ ਸੰਬੰਧ ਵਿਚ ਤੁਹਾਡੇ ਨਾਲ ਫੋਨ 'ਤੇ ਸੰਪਰਕ ਕਰੇਗਾ।

**8. ਮੇਰੇ ਵਿਚ ਇਸ ਵੇਲੇ ਨਿਸ਼ਾਨੀਆਂ ਦਿਖਾਈ ਦੇ ਰਹੀਆਂ ਹਨ।**

- ਇਹ ਟੈੱਸਟ ਸਿਰਫ ਉਨ੍ਹਾਂ ਲੋਕਾਂ ਲਈ ਸਿਫਾਰਸ਼ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਕੋਈ ਨਿਸ਼ਾਨੀਆਂ ਨਹੀਂ ਹਨ।
- ਨਿਸ਼ਾਨੀਆਂ ਵਿਚ ਤੁਹਾਡੇ ਪਖਾਨੇ ਵਿਚ ਖ਼ੂਨ, ਢਿੱਡ ਵਿਚ ਦਰਦ, ਪਖਾਨੇ ਜਾਣ ਦੀਆਂ ਆਦਤਾਂ ਵਿਚ ਤਬਦੀਲੀਆਂ, ਜਾਂ ਭਾਰ ਘਟਣਾ ਜਿਸ ਦੇ ਕਾਰਨ ਦਾ ਪਤਾ ਨਹੀਂ ਹੈ ਸ਼ਾਮਲ ਹੋ ਸਕਦੀਆਂ ਹਨ। ਜੇ ਤੁਹਾਡੇ ਵਿਚ ਇਹ ਨਿਸ਼ਾਨੀਆਂ ਦਿਖਾਈ ਦੇ ਰਹੀਆਂ ਹਨ ਤਾਂ ਇਨ੍ਹਾਂ ਨਿਸ਼ਾਨੀਆਂ ਦੇ ਕਾਰਨ ਦਾ ਪਤਾ ਲਾਉਣ ਲਈ ਕੀਤੇ ਜਾਣ ਵਾਲੇ ਟੈੱਸਟਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ। ਇਨ੍ਹਾਂ ਨਿਸ਼ਾਨੀਆਂ ਵਾਲੇ ਮਰੀਜ਼ਾਂ ਲਈ ਐੱਫ ਆਈ ਟੀ ਢੁਕਵਾਂ ਨਹੀਂ ਹੈ।

**9. ਮੈਂ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹਾਂ। ਮੈਨੂੰ ਕੀ ਜਾਣਨਾ ਚਾਹੀਦਾ ਹੈ?**

- ਟੈੱਸਟ ਕਰਨ ਲਈ ਯਾਦ ਕਰਾਉਣ ਵਾਲੀਆਂ ਸੂਚਨਾਵਾਂ ਸ਼ੁਰੂ ਹੋ ਜਾਣਗੀਆਂ।
- ਯਾਦ ਕਰਾਉਣ ਵਾਲੀਆਂ ਸੂਚਨਾਵਾਂ ਕਈ ਹਫਤਿਆਂ ਲਈ ਰੋਕ ਦਿੱਤੀਆਂ ਗਈਆਂ ਸਨ, ਇਸ ਕਰਕੇ ਵੱਡੀ ਗਿਣਤੀ ਵਿਚ ਸੂਚਨਾਵਾਂ ਭੇਜੀਆਂ ਜਾਣੀਆਂ ਹਨ। ਉਹ ਆਉਂਦੇ ਹਫਤਿਆਂ ਵਿਚ ਪੜਾਵਾਰ ਭੇਜੀਆਂ ਜਾਣਗੀਆਂ।
- ਹੈਲਥ ਅਥਾਰਟੀ ਦੇ ਸਥਾਨਾਂ ਵਿਚ ਕੈਂਸਲ ਹੋਈਆਂ ਅਪੌਇੰਟਮੈਂਟਾਂ ਵਾਲੇ ਮਰੀਜ਼ਾਂ ਨਾਲ ਅਪੌਇੰਟਮੈਂਟ ਦੁਬਾਰਾ ਬੁੱਕ ਕਰਨ ਲਈ ਉਸ ਸਥਾਨ ਵਲੋਂ ਸਿੱਧਾ ਸੰਪਰਕ ਕੀਤਾ ਜਾਵੇਗਾ।
- ਨਿਸ਼ਾਨੀਆਂ ਵਾਲੇ ਮਰੀਜ਼ਾਂ ਨੂੰ ਅਸੈੱਸਮੈਂਟ ਲਈ ਸਿੱਧਾ ਸਪੈਸ਼ਲਿਸਟ ਕੋਲ ਰੈਫਰ ਕੀਤਾ ਜਾਣਾ ਚਾਹੀਦਾ ਹੈ। ਐੱਫ ਆਈ ਟੀ ਦੀ ਲੋੜ ਨਹੀਂ ਹੈ।

**10. ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?**

- ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਤੁਸੀਂ 1-877-702-6566 'ਤੇ ਫੋਨ ਕਰ ਸਕਦੇ ਹੋ ਜਾਂ ਅਪਡੇਟਸ ਲਈ ਕਿਸੇ ਸਮੇਂ ਵੀ ਇਸ ਵੈੱਬਸਾਈਟ 'ਤੇ ਜਾਉ।